18 ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ. ਨਗਰ।

(ਸੇਵਾਵਾਂ-1 ਸ਼ਾਖਾ)

ਹੁਕਮ ਨੰ. 6/5-11 ਸੇ1(2)

ਮਿਤੀ: 6-10-16

ਇਸ ਦਫਤਰ ਦੇ ਪੱਤਰ ਨੰ. 6/5-11 ਸੇ1(2), ਮਿਤੀ 01-09-16 ਰਾਹੀ ਸਿੱਖਿਆ ਵਿਭਾਗ ਦੇ ਡਾਇਰੈਕਟੋਰੇਟਾਂ ਵਿੱਚ ਕੰਮ ਕਰ ਰਹੇ ਸੁਪਰਡੰਟ ਗ੍ਰੇਡ-2 ਦੀ ਮਿਤੀ 31-03-16 ਤੱਕ ਪ੍ਰੋਵੀਜਨਲ ਸੀਨੀਆਰਤਾ ਸੂਚੀ ਸਰਕੂਲੇਟ ਕਰਕੇ ਸਬੰਧਤ ਕਰਮਚਾਰੀਆਂ ਪਾਸੋਂ ਇਤਰਾਜ ਮੰਗੇ ਗਏ ਸਨ।

2. ਉਪਰੋਕਤ ਪ੍ਰੋਵੀਜ਼ਨਲ ਸੂਚੀ ਸਬੰਧੀ ਜੋ ਇਤਰਾਜ ਪ੍ਰਾਪਤ ਹੋਏ ਹਨ,ਉਨ੍ਹਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਤੇ ਨਿਯਮਾਂ ਦੀ ਲੋਅ ਵਿੱਚ ਘੋਖਿਆ ਅਤੇ ਵਿਚਾਰਿਆ ਗਿਆ ਹੈ। ਜੋ ਇਤਰਾਜ ਕਲੈਰੀਕਲ ਗਲਤੀ ਨਾਲ ਸਬੰਧਤ ਸਨ, ਅਜਿਹੇ ਇਤਰਾਜਾਂ ਸਬੰਧੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਲੋੜੀਂਦੀ ਸੋਧ ਕਰ ਦਿੱਤੀ ਗਈ ਹੈ।

3. ਇਸ ਤੋਂ ਇਲਾਵਾ ਕੁੱਝ ਸੁਪਰਡੰਟ ਗ੍ਰੇਡ-2 ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਵੱਲੋਂ ਇਤਰਾਜ ਉਠਾਇਆ ਗਿਆ ਹੈ ਕਿ ਲੜੀ ਨੰ. 3 ਤੇ ਸ੍ਰੀ ਹਰਦੇਵ ਸਿੰਘ ਦਾ ਨਾਂ ਦਰਜ ਕੀਤਾ ਹੋਇਆ ਹੈ, ਉਨ੍ਹਾਂ ਦੀ ਬਤੌਰ ਸਹਾਇਕ ਪ੍ਰੋਮੋਸਨ ਦੀ ਮਿਤੀ 01.02.03 ਹੈ ਜਦੋਂ ਕਿ ਉਹਨ੍ਹਾਂ ਦੀ ਬਤੌਰ ਸਹਾਇਕ ਪ੍ਰਮੋਸ਼ਨ ਸਾਲ 2000 ਵਿੱਚ ਹੋਈ ਸੀ ਅਤੇ ਬਤੌਰ ਸਹਾਇਕ ਇਤਰਾਜ ਕਰਤਾਵਾਂ ਨਾਲੋਂ ਜੂਨੀਅਰ ਪ੍ਰਮੋਟ ਹੋਏ ਸਨ। ਇਸ ਲਈ ਸ੍ਰੀ ਅਜੀਤ ਸਿੰਘ ਜੰਜੂਆ-2 ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਦਿੱਤੇ ਗਏ ਫੈਸਲੇ ਅਨੁਸਾਰ ਕੈਚ-ਅੱਪ ਫਾਰਮੂਲਾ ਅਧੀਨ ਸਬੰਧਤ ਸੁਪਰਡੰਟਾਂ ਨੇ ਫੀਡਰ ਕਾਰਡਰ ਦੀ ਸੀਨੀਆਰਤਾ ਦੀ ਮੰਗ ਕੀਤੀ ਗਈ ਹੈ।

4. ਸਬੰਧਤ ਸੁਪਰਡੰਟਾਂ ਵੱਲੋਂ ਉਠਾਏ ਗਏ ਇਤਰਾਜ ਨੂੰ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਦੇ ਪੱਤਰ ਨੰ. 4/40/2013-03 ਪੀ.ਪੀ.1/856 ਮਿਤੀ 10.10.14 ਵਿੱਚ ਕੀਤੇ ਉਪਬੰਧਾਂ ਦੀ ਰੋਸਨੀ ਵਿੱਚ ਘੋਖਿਆ ਗਿਆ ਹੈ। ਇਨ੍ਹਾਂ ਹਦਾਇਤਾਂ ਦੇ ਪੈਰਾ ਨੰ: 3 ਵਿੱਚ ਉਪਬੰਧ ਹੈ ਕਿ ਰਿਟ ਪਟੀਸਨ ਨੰ. 79 ਆਫ 1979-ਆਰ.ਕੇ. ਸੱਭਰਵਾਲ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਾਨਯੋਗ ਸੁਪਰੀਮ ਕੋਰਟ ਦਾ ਫੈਸਲੇ ਮਿਤੀ 10.02.95 ਅਨੁਸਾਰ ਰਨਿੰਗ ਰੋਸਟਰ ਕੇਵਲ ਉਦੋਂ ਤੱਕ ਹੀ ਚੱਲੇਗਾ ਜਦੋਂ ਤੱਕ ਕਿ ਰਾਖਵੇਂਕਰਨ ਦੀ ਨੀਤੀ ਤਹਿਤ ਕੋਟਾ ਪੂਰਾ ਨਹੀ ਹੋ ਜਾਂਦਾ । ਜਦੋਂ ਕੋਟਾ ਪੂਰਾ ਹੋ ਜਾਂਵੇ ਤਾਂ ਉਸ ਉਪਰੰਤ ਪੋਸਟ ਬੇਸਡ ਰੋਸਟਰ ਸਿਸਟਮ ਲਾਗੂ ਕੀਤਾ ਜਾਵੇ।

4. ਇਨ੍ਹਾਂ ਹਦਾਇਤਾਂ ਵਿੱਚ ਇਹ ਵੀ ਉਲੇਖ ਕੀਤਾ ਗਿਆ ਹੈ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਐਕਟ, 2006 ਸੈਕਸਨ 4(6) ਹੇਠ ਲਿਖੇ ਅਨੁਸਾਰ ਉਪਬੰਧ ਹਨ:-

> "Reservation shall be implemented by reserving vacancies by means of a running roaster, as may be rescribed till the percentage f reservation as specified in sub section (2), (3) and (4) are completed".

**ਭਾਰਤ ਸਰਕਾਰ ਵੱਲੋਂ ਵੀਂ ਰਿਜ਼ਰਵੇਸਨ ਰਜਿਸਟਰ ਅਤੇ ਰੋਸਟਰ ਰਜਿਸਟਰਜ ਬਾਰੇ ਹਦਾਇਤਾ ਦੇ ਚੈਪਟਰ 5 ਦੇ ਪੈਰ੍ਹਾ/5.3 ਹੇਠ ਨੋਟ ਅਧੀਨ ਹੇਠ ਅਨੁਸਾਰ ਉਪਬੰਧ ਹਨ:**

> Reservation registers/roster registgers are only an aid to ensure that scheduled castes, s cheduled tribes and other backward classes get quota reserved for them. These registers/roster registers do not determine seniority"

5. ਪ੍ਰਸੋਨਲ ਪਾਲਿਸੀਸ-1 ਸਾਖਾ ਦੇ ਪੱਤਰ ਨੰ. 3/34/99/3ਪੀਪੀਆਈ/12565 ਮਿਤੀ 22.10.99 ਅਨੁਸਾਰ

ਅਨੁਸਾਰ ਰਿਜਰਵੇਸਨ ਦੇ ਆਧਾਰ ਤੇ ਹੋਈ ਤਰੱਕੀ ਵਿੱਚ ਸੀਨੀਆਰਤਾ ਫੀਡਰ ਕਾਡਰ ਦੀ ਰਹੇਗੀ, ਜਦੋਂ ਤੱਕ ਰਿਜਰਵਡ ਕੈਟਾਗਰੀ ਉਮੀਦਵਾਰ ਦੀ ਅਗਲੀ ਪ੍ਰਮੋਸਨ ਨਹੀ ਹੁੰਦੀ।

ਇਸ ਤਰ੍ਹਾਂ ਵਿਭਾਗ ਦੇ ਸਬੰਧਤ ਸੁਪਰਡੰਟਾ ਵੱਲੋਂ ਉਠਾਏ ਗਏ ਇਤਰਾਜ ਠੀਕ ਹਨ। ਸ੍ਰੀ ਹਰਦੇਵ ਸਿੰਘ ਦੀ ਸੁਪਰਡੰਟ ਗਰੇਡ-2 ਦੀ ਸੀਨੀਆਰਤਾ ਲੜੀ ਨੰ. 11 ਤੇ ਨਿਸਚਿਤ ਕੀਤੀ ਜਾਣੀ ਹੈ।

ਇਸ ਤਰ੍ਹਾਂ ਸਿੱਖਿਆ ਵਿਭਾਗ ਦੇ ਡਾਇਰੈਕਟੋਰੇਟਾਂ ਵਿੱਚ ਕੰਮ ਕਰ ਰਹੇ ਸੁਪਰਡੰਟ ਗਰੇਡ-2 ਦੀ ਅੰਤਿਮ ਸੀਨੀਆਰਤਾ ਸੂਚੀ ਇਸ ਪੱਤਰ ਨਾਲ ਅੰਤਿਕਾ-1 ਵਿੱਚ ਦਿੱਤੇ ਗਏ ਵੇਰਵਿਆਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

ਬਲਬੀਰ ਸਿੰਘ

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿੱਠ ਅੰਕਣ ਨੰ. ਉਕਤ/426 ਮਿਤੀ: 7-10-16

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਡੀ.ਪੀ.ਆਈ.।
2. ਸਮੂਹ ਸਬੰਧਤ ਅਧਿਕਾਰੀ।
3. ਇਹ ਸੀਨੀਆਰਤਾ ਸੂਚੀ ਐਸ.ਐਸ.ਏ. ਦੀ ਵੈੱਬ ਸਾਈਡ ssapunjab.org ਤੇ ਉਪਲੱਬਧ ਹੈ।

ਸੁਪਰਡੰਟ ਸੇਵਾਵਾਂ-1
7/10/16

ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਵਿਖੇ ਤਾਇਨਾਤ ਸੁਪਰਡੰਟ ਗਰੇਡ 2 ਦੀ ਮਿਤੀ 31.03.16 ਤੱਕ ਅੰਤਿਮ ਸੀਨੀਆਰਤਾ ਸੂਚੀ।

| ਸੀਨੀਆਰਤਾ ਨੰ. | ਅਧਿਕਾਰੀ ਦਾ ਨਾਂ ਸ੍ਰੀ/ਸ੍ਰੀਮਤੀ | ਜਨਮ ਮਿਤੀ ਹੋਮ ਡਿਸਟ੍ਰਿਕਟ | ਵਿਦਿਅਕ ਯੋਗਤਾ | ਸਰਕਾਰੀ ਸੇਵਾ ਵਿੱਚ ਆਉਣ ਦੀ ਮਿਤੀ | ਡਾਇਰੈਕਟੋਰੇਟ ਵਿੱਚ ਆਉਣ ਦੀ ਮਿਤੀ | ਬਤੌਰ ਸੀਨੀਅਰ ਸਹਾਇਕ ਤਰੱਕੀ ਦੀ ਮਿਤੀ | ਬਤੌਰ ਸੁਪਰਡੰਟ ਗ੍ਰੇਡ 2 ਤਰੱਕੀ ਦੀ ਮਿਤੀ | ਰਿਟਾਇਰਮੈਂਟ ਦੀ ਮਿਤੀ | ਵਿਸੇਸ ਕਥਨ |
|---|---|---|---|---|---|---|---|---|---|
| 1 | ਚਰਨਜੀਤ ਸਿੰਘ ਮਲਿਕ | 04-12-56 | ਬੀ.ਏ. | 06-10-76 | 01-07-82 | 06-10-94 | 31-03-15 | 31-12-14 | ਦੂਜੇ ਸਾਲ ਦੇ ਵਾਧੇ ਤੇ |
| 2 | ਇੰਦੂ ਬਤਰਾ | 06-03-61 | ਬੀ.ਏ. | 22-06-83 | 22-06-83 | 24-04-99 | 15-01-16 ਦੁ.ਬ. | 31-03-19 | |
| 3 | ਸੀਮਾ ਪ੍ਰਦੀਪ | 23-08-64 | ਬੀ.ਏ. | 27-06-83 | 27-06-83 | 28-04-99 | 15-01-16 ਦੁ.ਬ. | 31-08-22 | |
| 4 | ਜਸਵੰਤ ਰਾਏ ਚੋਪੜਾ | 15-06-65 | ਬੀ.ਕਾਮ-1 | 29-11-84 | 29-11-84 | 04-01-00 | 15-01-16 ਦੁ.ਬ. | 30-06-23 | |
| 5 | ਰਮਨ ਕਾਲੀਆ | 03-06-66 | ਬੀ.ਏ.2 | 04-12-83 | 04-12-83 | 01-02-00 | 15-01-16 ਦੁ.ਬ. | 30-06-24 | |
| 6 | ਵੀਨਾ ਵਰਮਾ | 28-08-65 | ਮੈਟ੍ਰਿਕ | 14-10-83 ਐਡਹਾਕ | 01-04-85 | 07-04-00 | 15-01-16 ਦੁ.ਬ. | 31-08-23 | |
| 7 | ਰਕਸਾ ਦੇਵੀ | 11-11-60 | ਬੀ.ਏ. | 20-10-83 ਐਡਹਾਕ | 01-04-85 | 22-06-00 | 15-01-16 ਦੁ.ਬ. | 30-11-18 | |
| 8 | ਅਸੋਕ ਕੁਮਾਰ 3 | 15-03-63 | ਮੈਟ੍ਰਿਕ | 18-07-85(ਬ.ਦ) | 18-07-85(ਬ.ਦ) | 09-08-00 | 15-1-16 ਦੁ.ਬ. | 31-03-21 | |
| 9 | ਸੰਤੋਖ ਸਿੰਘ | 17-10-59 | ਬੀ.ਏ. | 01-08-85 | 01-08-85 | 04-09-00 | 15-01-16 ਦੁ.ਬ. | 31-10-17 | |
| 10 | ਨਰਿੰਦਰ ਸਿੰਘ ਚੌਧਰੀ | 10-01-64 | ਬੀ.ਏ. | 07-08-85 | 07-08-85 | 03-09-01 | 01-03-16 | 31-01-22 | |
| 11 | ਹਰਦੇਵ ਸਿੰਘ | 05-07-58 | ਬੀ.ਏ. | 04-04-86 | 04-04-86 | 01-02-03 | 24-07-15 | 31-07-18 | |

7/6/16

| | | | | | | | | | |
|---|---|---|---|---|---|---|---|---|---|
| 12 | ਸੁਰਿੰਦਰ ਸਿੰਘ | 05-12-63 | ਮੈਟ੍ਰਿਕ | 01-01-85 ਐਡਹਾਕ | 07-11-86 | 04-01-00 | 15-1-16 ਬ.ਦੂ | 31-12-21 | |
| 13 | ਪਰਮਜੀਤ ਕੌਰ-1 (ਐਸ.ਸੀ.) | 25-03-64 | ਬੀ.ਏ. | 09-04-85 ਐ | 07-11-86 | 01-06-93 | 15-1-16 ਬ.ਦੂ | 31-03-22 | |

7/10/16

ਸੁਪਰਡੰਟ ਸੇਵਾਵਾਂ-1